ਭਾਰਤ-ਅਰਮੀਨੀਆ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦਾ 12ਵਾਂ ਦੌਰ (29 ਅਕਤੂਬਰ, 2026)

ਭਾਰਤ-ਅਰਮੀਨੀਆ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (ਐਫਓਸੀ) ਦਾ 12ਵਾਂ ਦੌਰ 29 ਅਕਤੂਬਰ 2026 ਨੂੰ ਨਵੀਂ ਦਿੱਲੀ ਵਿੱਚ ਕਰਵਾਇਆ ਗਿਆ ਸੀ।।ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੱਛਮ), ਰਾਜਦੂਤ ਸਿਬੀ ਜਾਰਜ ਅਤੇ ਅਰਮੀਨੀਆ ਦੇ ਵਫ਼ਦ ਦੀ ਅਗਵਾਈ ਅਰਮੀਨੀਆ ਗਣਰਾਜ ਦੇ ਉਪ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਮਨਾਤਸਾਕਨ ਸਫਾਰੀਅਨ ਨੇ ਕੀਤੀ। ਐਫਓਸੀ ਦਾ ਪਹਿਲਾ ਦੌਰ 07 ਨਵੰਬਰ 2025 ਨੂੰ ਅਰਮੀਨੀਆ ਵਿੱਚ ਕਰਵਾਇਆ ਗਿਆ ਸੀ।

2.ਭਾਰਤ ਅਤੇ ਅਰਮੀਨੀਆ ਵਿਚਕਾਰ ਨਿੱਘੇ ਅਤੇ ਦੋਸਤਾਨਾ ਸਬੰਧ ਹਨ, ਜਿਨ੍ਹਾਂ ਵਿੱਚ ਸਿਆਸੀ ਅਤੇ ਅਧਿਕਾਰਤ ਪੱਧਰ 'ਤੇ ਨਿਯਮਤ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। 2027 ਵਿੱਚ ਦੋਵਾਂ ਦੇਸ਼ਾਂ ਦੇ ਵਿਚਕਾਰ ਕੂਟਨੀਤਿਕ ਸਬੰਧਾਂ ਦੀ ਸਥਾਪਨਾ ਦੀ 35ਵੀਂ ਵਰ੍ਹੇਗੰਢ ਮਨਾਈ ਜਾਵੇਗੀ।

3.ਐਫਓਸੀ ਦੌਰਾਨ, ਦੋਵਾਂ ਧਿਰਾਂ ਨੇ ਉੱਚ-ਪੱਧਰੀ ਆਦਾਨ-ਪ੍ਰਦਾਨ, ਸੰਸਥਾਗਤ ਪ੍ਰਣਾਲੀਆਂ ਤਹਿਤ ਗੱਲਬਾਤ ਅਤੇ ਵਪਾਰ ਅਤੇ ਨਿਵੇਸ਼ ਵਿੱਚ ਸਹਿਯੋਗ, ਵਿਗਿਆਨ ਅਤੇ ਤਕਨਾਲੋਜੀ, ਏਆਈ, ਸਿੱਖਿਆ, ਅੱਤਵਾਦ ਵਿਰੋਧੀ, ਸੱਭਿਆਚਾਰ ਅਤੇ ਲੋਕਾਂ ਦਰਮਿਆਨ ਆਪਸੀ ਸਹਿਯੋਗ ਸਮੇਤ ਦੁਵੱਲੇ ਸਬੰਧਾਂ ਦੇ ਸਮੁੱਚੇ ਪਹਿਲੂਆਂ ਦੀ ਸਮੀਖਿਆ ਕੀਤੀ ਗਈ।

4.ਦੋਵਾਂ ਧਿਰਾਂ ਨੇ ਬਹੁ-ਪੱਖੀ ਮੰਚਾਂ ਵਿੱਚ ਸਹਿਯੋਗ ਸਮੇਤ ਆਪਸੀ ਹਿੱਤਾਂ ਵਾਲੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

5.ਅਰਮੀਨੀਆ ਵਿੱਚ ਆਪਸੀ ਸੁਵਿਧਾਜਨਕ ਤਾਰੀਖ਼ ਨੂੰ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦਾ ਅਗਲਾ ਦੌਰ ਕਰਵਾਉਣ ਲਈ ਸਹਿਮਤੀ ਪ੍ਰਗਟਾਈ ਗਈ।

ਨਵੀਂ ਦਿੱਲੀ

29 ਅਕਤੂਬਰ, 2026